# 21 ਮਈ ਦੇ ਸਟੋਰਮ ਕਲੀਨਅਪ ਬਾਰੇ ਅੱਪਡੇਟ

## *ਸਿਟੀ ਆਫ ਬ੍ਰੈਂਪਟਨ ਵਿੱਚ ਰੁੱਖਾਂ ਨੂੰ ਹਟਾਉਣ, ਰਿਪਲੇਸਮੈਂਟ ਅਤੇ ਯਾਰਡ ਵੇਸਟ ਕਲੈਕਸ਼ਨ ਬਾਰੇ ਤੁਹਾਨੂੰ ਕੀ ਜਾਣਨ ਦੀ ਲੋੜ ਹੈ*

ਬ੍ਰੈਂਪਟਨ, ਓਨਟੈਰੀਓ (25 ਮਈ, 2022) – 21 ਮਈ ਨੂੰ ਸਟੋਰਮ ਤੋਂ ਬਾਅਦ ਪੂਰੇ ਸ਼ਹਿਰ ਵਿੱਚ, ਕਲੀਨਅਪ ਅਤੇ ਬਹਾਲੀ ਦੇ ਯਤਨ ਜਾਰੀ ਹਨ।

ਇਸ ਵੇਲੇ ਸਟਾਫ, ਖੇਤਰ ਨੂੰ ਸੁਰੱਖਿਅਤ ਕਰਨ ਲਈ ਉਹਨਾਂ ਸਾਰੀਆਂ ਸਾਈਟਾਂ ਤੇ ਜਾ ਰਿਹਾ ਹੈ, ਜਿੱਥੇ ਸਿਟੀ ਦੇ ਮਾਲਕੀ ਵਾਲੇ ਰੁੱਖਾਂ ਦਾ ਨੁਕਸਾਨ ਹੋਇਆ ਹੈ।

ਰੁੱਖਾਂ ਦਾ ਮਲਬਾ, ਅਗਲੇ ਕਈ ਹਫਤਿਆਂ ਤੱਕ ਬੁਲੇਵਾਰਡਾਂ ਤੇ ਅਤੇ ਪਾਰਕਾਂ ਅਤੇ ਖੁੱਲੀਆਂ ਥਾਵਾਂ ਵਿੱਚ ਮੌਜੂਦ ਹੋ ਸਕਦਾ ਹੈ, ਕਿਉਂਕਿ ਫੌਰੀ ਖਤਰਿਆਂ ਤੇ ਧਿਆਨ ਦਿੱਤਾ ਜਾ ਰਿਹਾ ਹੈ।

**ਰੁੱਖ ਹਟਾਉਣ ਜਾਂ ਨੁਕਸਾਨ ਬਾਰੇ ਰਿਪੋਰਟ ਕਰਨਾ**

<u>ਸਿਟੀ ਦੀ ਮਾਲਕੀ ਵਾਲੇ ਰੁੱਖ</u>

ਸਿਟੀ ਆਫ ਬ੍ਰੈਂਪਟਨ, ਸਿਟੀ ਦੀ ਮਾਲਕੀ ਵਾਲੀ ਪ੍ਰਾਪਰਟੀ ਦੇ ਅੰਦਰ ਸਥਿਤ ਰੁੱਖਾਂ ਦੀ ਛੰਗਾਈ ਜਾਂ ਉਹਨਾਂ ਨੂੰ ਹਟਾਉਣ ਸਮੇਤ, ਰੁੱਖਾਂ ਦੀ ਦੇਖਭਾਲ ਦੀ ਜ਼ਿੰਮੇਵਾਰੀ ਲੈਂਦੀ ਹੈ, ਜਿਵੇਂ ਪਾਰਕ ਅਤੇ ਘਰਾਂ ਦੇ ਸਾਮ੍ਹਣੇ ਬੁਲੇਵਾਰਡ।

ਨਿਵਾਸੀਆਂ ਨੂੰ, ਸਿਟੀ ਦੀ ਮਾਲਕੀ ਵਾਲੇ ਕਿਸੇ ਵੀ ਰੁੱਖਾਂ ਨੂੰ ਹਟਾਉਣ ਜਾਂ ਉਹਨਾਂ ਦਾ ਨੁਕਸਾਨ ਕਰਨ ਦੀ ਇਜਾਜ਼ਤ ਨਹੀਂ ਹੈ।

ਰੁੱਖਾਂ ਨੂੰ ਹਟਾਉਣ ਲਈ ਬੇਨਤੀਆਂ ਦੀ ਪਹਿਲਾਂ ਜਾਂਚ ਕੀਤੀ ਜਾਂਦੀ ਹੈ:

- ਜਾਂਚਾਂ, ਸ਼ੁਰੂਆਤੀ ਬੇਨਤੀ ਦੇ ਲਗਭਗ 90 ਦਿਨਾਂ ਦੇ ਅੰਦਰ ਕੀਤੀਆਂ ਜਾਂਦੀਆਂ ਹਨ
- ਫੋਰੈਸਟਰੀ ਦਾ ਸਟਾਫ ਇਹ ਸੂਚਿਤ ਕਰਨ ਲਈ ਇੱਕ ਟ੍ਰੀ ਡੋਰ ਹੈਂਗਰ (Tree Door Hanger) ਛੱਡੇਗਾ ਕਿ ਜਾਂਚ ਪੂਰੀ ਹੋ ਗਈ ਹੈ
- ਜ਼ਰੂਰੀ ਕੰਮ, ਜਾਂਚ ਦੇ ਬਾਅਦ ਸ਼ੈਡਿਊਲ ਕੀਤਾ ਜਾਵੇਗਾ

ਬਿਨਾਂ ਪਰਮਿਟ ਦੇ ਰੁੱਖ ਹਟਾਉਣ ਜਾਂ ਨੁਕਸਾਨ ਦੀਆਂ ਰਿਪੋਰਟਾਂ ਦੀ ਜਾਂਚ, ਪਾਰਕਸ ਐਂਡ ਫੋਰੈਸਟਰੀ (Parks & Forestry) ਅਤੇ ਬਾਇ-ਲਾਅ ਐਨਫੋਰਮੈਂਟ (By-Law Enforcement) ਵਿਭਾਗਾਂ ਵੱਲੋਂ ਕੀਤੀ ਜਾਂਦੀ ਹੈ।

ਸਿਟੀ ਦੇ ਕਿਸੇ ਵੀ ਰੁੱਖ ਦੀਆਂ ਡਿੱਗੀਆਂ ਹੋਈਆਂ ਟਹਿਣੀਆਂ, ਰੁੱਖਾਂ ਜਾਂ ਮਲਬੇ ਦੀ ਰਿਪੋਰਟ ਕਰਨ ਲਈ, ਕਿਰਪਾ ਕਰਕੇ, www.311brampton.ca ਤੇ ਔਨਲਾਈਨ ਜਾਂ 311 ਮੋਬਾਈਲ ਐਪ ਤੇ ਜਾਂ 311 ਤੇ ਫੋਨ ਕਰਕੇ ਆਪਣੀ ਰਿਪੋਰਟ ਜਮ੍ਹਾਂ ਕਰੋ।

<u>ਪ੍ਰਾਈਵੇਟ ਰੁੱਖਾਂ ਨੂੰ ਹਟਾਉਣਾ</u>

ਪ੍ਰਾਪਰਟੀ ਦੇ ਮਾਲਕ ਵਜੋਂ, ਤੁਸੀਂ ਆਪਣੀ ਪ੍ਰਾਪਰਟੀ ਤੇ ਮੌਜੂਦ ਪ੍ਰਾਈਵੇਟ ਮਾਲਕੀ ਵਾਲੇ ਰੁੱਖਾਂ ਨੂੰ ਹਟਾ ਸਕਦੇ ਹੋ, ਪਰੰਤੂ ਤੁਹਾਨੂੰ ਟ੍ਰੀ ਪ੍ਰੀਜਰਵੇਸ਼ਨ ਬਾਇ-ਲਾਅ (Preservation By-Law) ਦੇ ਮੁਤਾਬਕ ਪਰਮਿਟ ਦੀ ਲੋੜ ਹੋ ਸਕਦੀ ਹੈ।

ਕੁਝ ਉਦਾਹਰਨਾਂ ਵਿੱਚ ਸ਼ਾਮਲ ਹਨ, ਜਿੱਥੇ ਪਰਮਿਟ ਦੀ ਲੋੜ ਨਹੀਂ ਹੈ:

- ਜੇਕਰ ਰੁੱਖ, ਕਿਸੇ ਅਧਿਕ੍ਰਿਤ ਬਿਲਡਿੰਗ ਦੇ ਦੋ ਮੀਟਰ ਦੇ ਅੰਦਰ ਸਥਿਤ ਹੈ
- 30 ਸੈਂਟੀਮੀਟਰ ਤੋਂ ਘੱਟ ਡਾਇਮੀਟਰ ਵਾਲੇ ਰੁੱਖ, ਜ਼ਮੀਨ ਤੋਂ 1.37 ਮੀਟਰ ਤੋਂ ਮਾਪੇ ਗਏ
- ਜੇਕਰ ਐਮਰਜੈਂਸੀ ਕੰਮ ਲਈ ਰੁੱਖ ਨੂੰ ਹਟਾਉਣਾ ਜ਼ਰੂਰੀ ਹੋਵੇ

**ਸਿਟੀ ਦੀ ਮਾਲਕੀ ਵਾਲੇ ਨਵੇਂ/ਰਿਪਲੇਸਮੈਂਟ ਰੁੱਖਾਂ ਦੀ ਬੇਨਤੀ ਕਰਨਾ**

ਸਿਟੀ ਆਫ ਬ੍ਰੈਂਪਟਨ, ਰੁੱਖਾਂ ਦੀ ਰਿਪਲੇਸਮੈਂਟ ਸਮੇਤ, ਸਿਟੀ ਦੀ ਮਾਲਕੀ ਵਾਲੀ ਪ੍ਰਾਪਰਟੀ ਦੇ ਅੰਦਰ ਸਥਿਤ ਰੁੱਖਾਂ ਲਈ, ਰੁੱਖਾਂ ਦੀ ਦੇਖਭਾਲ ਦੀ ਜ਼ਿੰਮੇਵਾਰੀ ਲੈਂਦੀ ਹੈ, ਜਿਵੇਂ ਪਾਰਕ ਅਤੇ ਘਰਾਂ ਦੇ ਸਾਮ੍ਹਣੇ ਬੁਲੇਵਾਰਡ।

ਆਮ ਲੋਕਾਂ ਨੂੰ, ਸਿਟੀ ਦੀ ਮਾਲਕੀ ਵਾਲੇ ਰੁੱਖਾਂ ਤੇ, ਛੰਗਾਈ ਸਮੇਤ, ਕੋਈ ਵੀ ਕੰਮ ਕਰਨ ਦੀ ਇਜਾਜ਼ਤ ਨਹੀਂ ਹੈ।

ਜਦੋਂ ਨਿਵਾਸੀ, ਰੁੱਖਾਂ ਦੇ ਸਬੰਧ ਵਿੱਚ ਬੇਨਤੀ ਜਮ੍ਹਾਂ ਕਰਦੇ ਹਨ, ਤਾਂ ਹੇਠਾਂ ਲਿਖੇ ਕਦਮ ਚੁੱਕੇ ਜਾਂਦੇ ਹਨ:

- ਰੁੱਖ ਦੀ ਜਾਂਚ (Tree Inspection), ਸ਼ੁਰੂਆਤੀ ਬੇਨਤੀ ਦੇ ਲਗਭਗ 90 ਦਿਨਾਂ ਦੇ ਅੰਦਰ ਕੀਤੀ ਜਾਵੇਗੀ
- ਇੰਸਪੈਕਟਰ ਤੁਹਾਨੂੰ ਇਹ ਦੱਸਣ ਲਈ, ਤੁਹਾਡੇ ਦਰਵਾਜੇ ਤੇ ਇੱਕ 'ਟ੍ਰੀ ਡੋਰ ਹੈਂਗਰ' ਛੱਡੇਗਾ ਕਿ ਜਾਂਚ ਪੂਰੀ ਹੋ ਗਈ ਹੈ
- ਜ਼ਰੂਰੀ ਕੰਮ, ਜਾਂਚ ਪੂਰੀ ਹੋਣ ਦੇ ਬਾਅਦ ਸ਼ੈਡਿਊਲ ਕੀਤਾ ਜਾਵੇਗਾ
- ਫੋਰੈਸਟਰੀ ਦਾ ਸਟਾਫ, ਭਵਿੱਖ ਵਿੱਚ ਰੁੱਖ ਲਗਾਉਣ ਦੀ ਅਨੁਮਾਨਿਤ ਥਾਂ ਦੱਸਣ ਲਈ ਕਰਬ ਤੇ ਪੇਂਟ ਵਾਲੇ ਨਿਸ਼ਾਨ ਲਗਾ ਸਕਦਾ ਹੈ
- ਨਵੇਂ ਰੁੱਖ ਲਗਾਉਣ ਦੀਆਂ ਬੇਨਤੀਆਂ, ਅਗਲੇ ਕੈਲੰਡਰ ਸਾਲ ਵਿੱਚ ਸ਼ੈਡਿਊਲ ਕੀਤੀਆਂ ਜਾਂਦੀਆਂ ਹਨ ਅਤੇ ਮੌਸਮ ਦੇ ਅਧਾਰ ਤੇ, ਜੂਨ-ਦਸੰਬਰ ਦੇ ਵਿਚਕਾਰ ਹੁੰਦੀਆਂ ਹਨ
- ਰੁੱਖਾਂ ਦੀ ਚੋਣ, ਸਰਟੀਫਾਇਡ ਆਰਬੋਰਿਸਟਸ ਵੱਲੋਂ ਇਸ ਅਧਾਰ ਤੇ ਨਿਰਧਾਰਤ ਕੀਤੀ ਜਾਂਦੀ ਹੈ ਕਿ ਉਸ ਖੇਤਰ ਲਈ ਸਭ ਤੋਂ ਅਨੁਕੂਲ ਕੀ ਹੈ

ਨਵੇਂ/ਰਿਪਲੇਸਮੈਂਟ ਰੁੱਖ ਦੀ ਬੇਨਤੀ ਲਈ, ਕਿਰਪਾ ਕਰਕੇ, [www.311brampton.ca](http://www.311brampton.ca) ਤੇ ਔਨਲਾਈਨ ਜਾਂ 311 ਮੋਬਾਈਲ ਐਪ ਤੇ ਜਾਂ 311 ਤੇ ਫੋਨ ਕਰਕੇ ਆਪਣੀ ਰਿਪੋਰਟ ਜਮ੍ਹਾਂ ਕਰੋ।

**ਰੀਜਨ ਆਫ ਪੀਲ ਵੱਲੋਂ ਯਾਰਡ ਵੇਸਟ ਕਲੈਕਸ਼ਨ**

ਰਿਹਾਇਸ਼ੀ ਯਾਰਡ ਵੇਸਟ ਕਲੈਕਸ਼ਨ, ਰੁੱਖਾਂ ਦੀ ਛੰਗਾਈ ਅਤੇ ਟਹਿਣੀਆਂ ਸਮੇਤ, ਰੀਜਨ ਆਫ ਪੀਲ (Region of Peel) ਵੱਲੋਂ ਸੰਚਾਲਿਤ ਕੀਤਾ ਜਾਂਦਾ ਹੈ।

ਯਾਰਡ ਵੇਸਟ ਦਾ ਨਿਪਟਾਰਾ ਕਰਦੇ ਸਮੇਂ, ਕਿਰਪਾ ਕਰਕੇ ਹੇਠਾਂ ਲਿਖੇ ਨਿਯਮਾਂ ਨੂੰ ਧਿਆਨ ਵਿੱਚ ਰੱਖੋ:

- ਯਾਰਡ ਵੇਸਟ ਕੰਟੇਨਰਾਂ ਤੇ ਲੇਬਲ ਹੋਣਾ ਲਾਜ਼ਮੀ ਹੈ, ਉਹ ਖੁੱਲੇ, ਠੋਸ ਅਤੇ ਦੁਬਾਰਾ ਵਰਤਣ ਯੋਗ ਹੋਣੇ ਲਾਜ਼ਮੀ ਹਨ। ਜੇਕਰ ਤੁਸੀਂ ਕਾਰਟ ਕਲੈਕਸ਼ਨ ਪ੍ਰਾਪਤ ਕਰਦੇ ਹੋ, ਤਾਂ ਤੁਸੀਂ ਆਪਣੇ ਯਾਰਡ ਦੇ ਵੇਸਟ ਲਈ ਆਪਣਾ ਪੁਰਾਣਾ ਨੀਲਾ ਜਾਂ ਗ੍ਰੇ ਬੌਕਸ ਵਰਤ ਸਕਦੇ ਹੋ।
- ਸੁਰੱਖਿਅਤ ਰੂਪ ਨਾਲ 1.2 ਮੀ. (4 ਫੁੱਟ) ਲੰਮੇ ਅਤੇ 76 ਸੈਂ.ਮੀ. (30 ਇੰਚ) ਤੱਕ ਚੌੜੇ ਬੁਰਸ਼ ਬੰਡਲਾਂ ਵਿੱਚ ਬੰਨ੍ਹੋ। ਬੁਰਸ਼ ਬੰਡਲਾਂ ਦਾ ਭਾਰ 20 ਕਿ.ਗ੍ਰਾ. (44 ਪੌਂਡ) ਤੋਂ ਵੱਧ ਨਹੀਂ ਹੋਣਾ ਚਾਹੀਦਾ। ਬੁਰਸ਼ ਅਤੇ ਰੁੱਖਾਂ ਦੀ ਛੰਗਾਈ, ਕਰਬ ਤੋਂ ਕਲੈਕਟ ਕੀਤੇ ਜਾਣ ਲਈ 10 ਸੈਂ.ਮੀ. (4 ਇੰਚ) ਡਾਇਮੀਟਰ ਜਾਂ ਇਸਤੋਂ ਘੱਟ ਹੋਣੀ ਲਾਜ਼ਮੀ ਹੈ।

- ਯਾਰਡ ਵੇਸਟ ਵਾਲੇ ਸਿਰਫ ਭੂਰੇ ਕ੍ਰਾਫਟ ਪੇਪਰ ਬੈਗ ਹੀ ਕਲੈਕਟ ਕੀਤੇ ਜਾਂਦੇ ਹਨ। ਪਲਾਸਟਿਕ ਬੈਗ ਸਵੀਕਾਰ ਨਹੀਂ ਕੀਤੇ ਜਾਂਦੇ।
- ਕਲੈਕਟ ਕੀਤੇ ਜਾਣ ਲਈ, ਭਰੇ ਯਾਰਡ ਵੇਸਟ ਬੈਗ ਜਾਂ ਕੰਟੇਨਰ ਦਾ ਭਾਰ, 20 ਕਿ.ਗ੍ਰਾ. (44 ਪੌਂਡ) ਤੋਂ ਘੱਟ ਹੋਣਾ ਲਾਜ਼ਮੀ ਹੈ।
- ਆਪਣੇ ਵੇਸਟ ਯਾਰਡ ਅਤੇ ਆਪਣੇ ਵੇਸਟ ਕਾਰਟਾਂ ਦੇ ਵਿਚਕਾਰ, ਘੱਟੋ-ਘੱਟ 1 ਮੀ. (3 ਫੁੱਟ) ਦੀ ਸਾਫ ਥਾਂ ਛੱਡੋ।

ਰਿਹਾਇਸ਼ੀ ਯਾਰਡ ਵੇਸਟ, ਜੋ ਇਹਨਾਂ ਗਾਈਡਲਾਈਨਾਂ ਦੇ ਅੰਦਰ ਫਿੱਟ ਨਹੀਂ ਆਉਂਦਾ, ਉਹ ਫੀਸ ਦੇ ਨਾਲ, ਪੂਰਾ ਸਾਲ, ਸਾਰੇ ਪੀਲ ਕਮਿਉਨਿਟੀ ਰੀਸਾਈਕਲਿੰਗ ਸੈਂਟਰਾਂ (ਸੀ.ਆਰ.ਸੀ.) Peel Community Recycling Centres (CRCs) ਵਿਖੇ ਸਵੀਕਾਰ ਕੀਤਾ ਜਾਂਦਾ ਹੈ।

ਵੇਸਟ ਕਲੈਕਸ਼ਨ ਬਾਰੇ ਹੋਰ ਵੇਰਵਿਆਂ ਲਈ, ਰੀਜਨ ਆਫ ਪੀਲ ਦੀ ਵੈਬਸਾਈਟ ਤੇ ਇੱਥੇ (website here) ਜਾਓ।

-30-

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca